Alberta

ਨਿਊਜ਼ ਰਿਲੀਜ਼

# ਨਵਾਂ ਸਮਾਜਿਕ ਅਧਿਐਨ ਪਾਠਕ੍ਰਮ ਖਰੜਾ ਪਾਇਲਟ ਵਾਸਤੇ ਤਿਆਰ

26 ਅਪਰੈਲ 2024 ਮੀਡੀਆ ਇੰਨਕੁਆਰੀਆਂ

## ਐਲੀਮੈਂਟਰੀ ਵਿਦਆਰਥੀ ਅਤੇ ਅਧਿਆਪਕ 2024 ਦੀ ਪੱਤਝੜ ਰੁੱਤੇ ਇੱਕ ਅੱਪਡੇਟ ਕੀਤੇ ਕੇ-6 ਸਮਾਜਿਕ ਅਧਿਐਨ ਪਾਠਕ੍ਰਮ ਖਰੜੇ ਅਤੇ ਕਲਾਸਰੂਮਾਂ ਵਿੱਚ ਨਵੇਂ ਸਰੋਤਾਂ ਤੋਂ ਲਾਭ ਉਠਾਉਣਗੇ। ।

ਐਲਬਰਟਾ ਦੀ ਸਰਕਾਰ ਸਿੱਖਿਆ ਪ੍ਰਣਾਲੀ ਦਾ ਆਧੁਨਿਕੀਕਰਨ ਕਰਨਾ ਜਾਰੀ ਰੱਖ ਰਹੀ ਹੈ ਅਤੇ ਇੱਕ ਪਾਠਕ੍ਰਮ ਵਿਕਸਤ ਕਰਨ ਦੁਆਰਾ ਵਿਦਆਰਥੀਆਂ ਦੀ ਸਫਲਤਾ ਵਿੱਚ ਸੁਧਾਰ ਕਰ ਰਹੀ ਹੈ ਜੋ ਸਿੱਖਣ ਦੇ ਜੋਸ਼ ਨੂੰ ਵਧਾਏਗਾ। ਅਗਸਤ 2023 ਤੋਂ, ਐਲਬਰਟਾ ਸਰਕਾਰ ਮਾਪਿਆਂ, ਅਧਿਆਪਕਾਂ, ਸਿੱਖਿਆ ਭਾਈਵਾਲਾਂ ਅਤੇ ਪਾਠਕ੍ਰਮ ਮਾਹਰਾਂ ਨਾਲ ਇਕ ਨਵਾਂ ਕੇ-6 ਸਮਾਜਿਕ ਅਧਿਐਨ ਪਾਠਕ੍ਰਮ ਵਿਕਸਤ ਕਰਨ ਲਈ ਆਦਾਨ-ਪ੍ਰਦਾਨ 'ਚ ਰੁਝੀ ਹੋਈ ਹੈ ਜਿਹੜਾ ਆਲੋਚਨਾਤਮਕ ਸੋਚ ਦੇ ਹੁਨਰ ਸਿਖਾਉਣ ਅਤੇ ਵਿਦਿਆਰਥੀਆਂ ਨੂੰ ਸਮਾਜ ਨਾਲ ਜੁੜੇ ਸਿਟੀਜ਼ਨ ਬਣਨ ਲਈ ਸਸ਼ਕਤ ਕਰਨ 'ਤੇ ਫੋਕਸ ਕਰੇਗਾ।

"ਮੈਨੂੰ ਇਸ ਨਵੇਂ ਕੇ-6 ਸਮਾਜਿਕ ਅਧਿਐਨ ਪਾਠਕ੍ਰਮ ਨੂੰ ਵਿਕਸਤ ਕਰਨ ਵਿੱਚ ਕੀਤੇ ਗਏ ਕੰਮ 'ਤੇ ਬਹੁਤ ਹੀ ਮਾਣ ਹੈ, ਅਤੇ ਮੈਂ ਇਹ ਵੇਖਣ ਲਈ ਉਤਸ਼ਾਹ 'ਚ ਹਾਂ ਕਿ ਕਿਵੇਂ ਇਹ ਇਸ ਪੱਤਝੜ ਰੁੱਤੇ ਪਾਇਲਟ ਕਰਨ ਦੁਆਰਾ ਕਲਾਸਰੂਮਾਂ 'ਚ ਤਬਦੀਲ ਹੁੰਦਾ ਹੈ। ਮੈਂ ਸਕੂਲ ਆਗੂਆਂ ਅਤੇ ਅਧਿਆਪਕਾਂ ਨਾਲ ਹੋਰ ਅਗਾਂਹ ਸਹਿਯੋਗ ਦੀ ਆਸ ਕਰਦਾ ਹਾਂ, ਜਦੋਂ ਅਸੀਂ ਇਕ ਵਿਆਪਕ ਪ੍ਰਕਾਰ ਦਾ ਪਾਠਕ੍ਰਮ ਬਣਾਉਣ ਦਾ ਕੰਮ ਜਾਰੀ ਰੱਖ ਰਹੇ ਹੋਵਾਂਗੇ, ਜਿਹੜਾ ਵਿਦਿਆਰਥੀਆਂ 'ਚ ਆਲੋਚਨਾਤਮਕ ਸੋਚ, ਸਮੱਸਿਆਵਾਂ ਸੁਲਝਾਉਣ ਅਤੇ ਫੈਸਲੇ ਬਣਾਉਣ ਦੇ ਹੁਨਰਾਂ ਨੂੰ ਪੈਦਾ ਕਰਦਾ ਤੇ ਉਨ੍ਹਾਂ ਨੂੰ ਸਰਗਰਮ ਸਿਟੀਜ਼ਨ ਬਣਨ ਲਈ ਸਸ਼ਕਤ ਕਰਦਾ ਹੈ।"

*Demetrios Nicolaides, ਮਿਨਿਸਟਰ ਆਫ ਐਜੂਕੇਸ਼ਨ*

## ਸਮੱਗਰੀ 'ਚ ਤਬਦੀਲੀਆਂ

ਪਿਛਲੇ ਅੱਠ ਮਹੀਨਿਆਂ ਦੌਰਾਨ ਐਲਬਰਟਾ ਨਿਵਾਸੀਆਂ ਅਤੇ ਸਿੱਖਿਆ ਭਾਈਵਾਲਾਂ ਨਾਲ ਵਿਆਪਕ ਆਦਾਨ-ਪ੍ਰਦਾਨ ਤੋਂ ਮਿਲੀ ਫੀਡਬੈਕ ਅਤੇ ਨਾਲ ਦੀ ਨਾਲ ਹੋਰ ਖੇਤਰਾਂ ਤੋਂ ਖੋਜ ਅਤੇ ਉੱਤਮ ਪ੍ਰੈਕਟਿਸਾਂ ਦੇ ਆਧਾਰ 'ਤੇ ਐਲਬਰਟਾ ਐਜੂਕੇਸ਼ਨ ਵਿਭਾਗ ਨੇ ਸਕੂਲ ਅਥਾਰਿਟੀਆਂ ਅਤੇ ਅਧਿਆਪਕਾਂ ਨੂੰ ਸਤੰਬਰ 'ਚ ਸ਼ੁਰੂ ਕਰਨ ਲਈ ਵਿਕਲਪੀ ਕਲਾਸਰੂਮ ਪਾਇਲਿਟਿੰਗ ਵਾਸਤੇ ਤਿਆਰ ਹੋਣ 'ਚ ਮਦਦ ਕਰਨ ਲਈ ਇਕ ਅੱਪਡੇਟ ਕੀਤਾ ਕੇ-6 ਸਮਾਜਿਕ ਅਧਿਐਨ ਪਾਠਕ੍ਰਮ ਖਰੜਾ ਜਾਰੀ ਕੀਤਾ। ਪਾਠਕ੍ਰਮ ਖਰੜੇ ਦੀ ਸਮੱਗਰੀ ਨੂੰ ਇੰਜ ਐਡਜਸਟ ਕੀਤਾ ਗਿਆ ਸੀ:

- ਸਾਰੇ ਪਾਠਕ੍ਰਮ 'ਚ ਉਨ੍ਹਾਂ ਮੌਕਿਆਂ ਨੂੰ ਮਜ਼ਬੂਤ ਕਰਨਾਂ ਜਿਹੜੇ ਖੋਜ ਅਤੇ ਵਿਸ਼ਲੇਸ਼ਣ ਸਮੇਤ, ਆਲੋਚਨਾਤਮਕ ਸੋਚ ਹੁਨਰਾਂ ਨੂੰ ਵਿਕਸਤ ਕਰਨ ਨੂੰ ਉਤਸ਼ਾਹਿਤ ਕਰਦੇ ਹਨ;
- ਸਰਗਰਮ ਨਾਗਰਿਕਤਾ ਦੀ ਧਾਰਨਾ ਨਾਲ ਸਬੰਧਤ ਹੁਨਰਾਂ ਦੇ ਵਿਕਾਸ ਨੂੰ ਵਧਾਉਣਾ;
- ਵਿਕਾਸ ਉਪਯੁਕਤਤਾ ਅਤੇ ਬੋਝ ਬਾਰੇ ਮਿਲੀ ਫੀਡਬੈਕ ਨਾਲ ਨਿਪਟਣਾ;
- ਵਿਦਿਆਰਥੀਆਂ ਨੂੰ ਉਸ ਸਿੱਖਿਆ ਵਿਚ ਲਗਾਉਣਾ ਜਿਸ ਵਿਚ ਫਸਟ ਨੇਸ਼ਨਜ਼, ਮੈਟਿਸ, ਇਨਿਯੂਟ ਅਤੇ ਫਰਾਂਸੀਸੀ ਮੂਲ ਦੇ ਲੋਕਾਂ ਦੇ ਇਤਿਹਾਸ, ਯੋਗਦਾਨ ਅਤੇ ਦ੍ਰਿਸ਼ਟੀਕੋਣਾ ਸਮੇਤ ਪੂਰੇ ਕੈਨੇਡਾ ਅਤੇ ਦੁਨੀਆਂ ਭਰ 'ਚ ਵਿਭਿੰਨਤਾ ਦੀ ਸਮਝ ਨੂੰ ਬੜ੍ਹਾਵਾ ਦਿੱਤਾ ਜਾਂਦਾ ਹੋਵੇ; ਅਤੇ
- ਸਿੱਖਣ ਦੀ ਪ੍ਰਗਤੀ ਦੁਆਰਾ ਸਿਖਿਆਰਥੀਆਂ ਦੇ ਵਿਕਾਸ ਨੂੰ ਦਰਸਾਉਣਾ, ਜੋ ਵਿਅਕਤੀਗਤ ਤਜ਼ਰਬਿਆਂ ਤੋਂ ਕਮਿਊਨਿਟੀਆਂ ਅਤੇ ਇਸ ਤੋਂ ਬਾਹਰ ਤੱਕ ਫੈਲਦਾ ਹੈ।

## ਕਲਾਸਰੂਮ ਪਾਇਲਿਟਿੰਗ

ਐਲਬਰਟਾ ਸਰਕਾਰ ਇਸ ਗੱਲ ਵਿੱਚ ਢਿੱਲ ਪ੍ਰਦਾਨ ਕਰ ਰਹੀ ਹੈ ਕਿ ਸਕੂਲ ਅਧਿਕਾਰੀ ਵਿਕਲਪੀ ਕਲਾਸਰੂਮ ਪਾਇਲਿਟਿੰਗ ਵਿੱਚ ਕਿਵੇਂ ਹਿੱਸਾ ਲੈਂਦੇ ਹਨ, ਸਮੇਤ ਇਸਦੇ ਕਿ ਕਿਹੜੇ ਗਰੇਡ ਪਾਇਲਟ ਦਾ ਹਿੱਸਾ ਹਨ ਅਤੇ ਸਿੱਖਣ ਦੇ ਕਿੰਨੇ ਪਰਿਣਾਮਾਂ ਨੂੰ ਫੀਡਬੈਕ ਪ੍ਰਾਪਤ ਹੋਵੇਗੀ। ਪਾਇਲਿਟਿੰਗ ਦੀ ਪੂਰੀ ਪ੍ਰਕਿਰਿਆ ਦੌਰਾਨ, ਅਧਿਆਪਕਾਂ ਨੂੰ ਉਹਨਾਂ ਦੇ ਕਲਾਸਰੂਮਾਂ ਵਿੱਚ ਪਾਠਕ੍ਰਮ ਖਰੜੇ ਨਾਲ ਕੰਮ ਕਰਨ ਲਈ ਲੋੜੀਂਦੀ ਜਾਣਕਾਰੀ ਅਤੇ ਸਾਧਨ ਪ੍ਰਦਾਨ ਕੀਤੇ ਜਾਣਗੇ, ਜਿਸ ਵਿੱਚ ਸ਼ਾਮਲ ਹਨ:

- ਯੋਜਨਾਬੰਦੀ ਅਤੇ ਪੜ੍ਹਾਉਣ ਦੀ ਤਿਆਰੀ ਵਿੱਚ ਸਹਾਇਤਾ ਕਰਨ ਲਈ ਅਧਿਆਪਕਾਂ ਨੂੰ ਛੁੱਟੀ ਦੇ ਦਿਨ;
- ਸਿੱਖਣ ਅਤੇ ਸਿਖਾਉਣ ਦੇ ਸਰੋਤ;
- ਪ੍ਰੋਫੈਸ਼ਨਲ ਸਿੱਖਿਆ ਦੇ ਮੌਕੇ; ਅਤੇ
- ਪਾਠਕ੍ਰਮ ਖਰੜੇ ਬਾਰੇ ਐਲਬਰਟਾ ਐਜੂਕੇਸ਼ਨ ਵਿਭਾਗ ਨੂੰ ਫੀਡਬੈਕ ਪ੍ਰਦਾਨ ਕਰਨ ਦੇ ਮੌਕੇ, ਸਮੇਤ ਇਸਦੇ ਕਿ ਕਲਾਸਰੂਮਾਂ ਵਿੱਚ ਇਸਦੇ ਤਜ਼ਰਬੇ ਕਿਵੇਂ ਦੇ ਰਹੇ।

ਅਧਿਆਪਕ ਵਿਆਪਕ ਸਿੱਖਿਆ ਤੇ ਅਧਿਆਪਨ ਦੇ ਸਰੋਤਾਂ ਅਤੇ ਪਾਠਕ੍ਰਮ ਖਰੜੇ ਨਾਲ ਇਕਸਾਰ ਪ੍ਰੋਫੈਸ਼ਨਲ ਸਿੱਖਿਆ ਸਹਾਇਤਾ ਤੱਕ ਪਹੁੰਚ ਕਰ ਸਕਦੇ ਹਨ, ਜਿਸ ਵਿਚ ਵਿਸ਼ਾ-ਵਿਸ਼ੇਸ਼ ਸੰਖੇਪ ਵਿਵਰਣ, ਫੌਰੀ ਹਵਾਲੇ ਲਈ ਵੀਡੀਉ, ਵਿਆਖਿਆਮਈ ਉਦਾਹਰਣਾ ਅਤੇ ਤੱਥ ਸ਼ੀਟਾਂ ਸ਼ਾਮਲ ਹਨ।

ਲਾਗੂ ਕਰਨ ਤੋਂ ਪਹਿਲਾਂ ਐਲਬਰਟਾ ਐਜੂਕੇਸ਼ਨ ਨਵੇਂ ਕੇ-6 ਸਮਾਜਿਕ ਅਧਿਐਨ ਪਾਠਕ੍ਰਮ ਨੂੰ ਅੰਤਿਮ ਰੂਪ ਦੇਣ ਲਈ ਕਲਾਸਰੂਮ ਪਾਇਲਿਟਿੰਗ ਤੋਂ ਮਿਲੀ ਸਾਰੀ ਫੀਡਬੈਕ 'ਤੇ ਵਿਚਾਰ ਕਰੇਗਾ। 2024-25 ਸਕੂਲੀ ਵਰ੍ਹੇ ਦੌਰਾਨ ਕਲਾਸਰੂਮ ਪਾਇਲਿਟਿੰਗ ਵਿੱਚ ਹਿੱਸਾ ਲੈਣ ਲਈ, ਸਕੂਲ ਅਧਿਕਾਰੀਆਂ ਨੂੰ 15 ਮਈ ਤੱਕ ਆਪਣੀ ਦਿਲਚਸਪੀ ਪ੍ਰਗਟ ਕਰਨ ਲਈ ਕਿਹਾ ਜਾਵੇਗਾ।

## ਫੌਰੀ ਤੱਥ

- ਬੱਜਟ 2024, 2024-25 ਸਕੂਲੀ ਵਰ੍ਹੇ ਵਿੱਚ ਪਾਠਕ੍ਰਮ ਪਾਇਲਿਟਿੰਗ ਅਤੇ ਲਾਗੂ ਕਰਨ 'ਚ ਮਦਦ ਕਰਨ ਲਈ $34 ਮਿਲੀਅਨ ਪ੍ਰਦਾਨ ਕਰਦਾ ਹੈ।
- ਪਾਠਕ੍ਰਮ ਬਾਰੇ ਆਦਾਨ-ਪ੍ਰਦਾਨ ਪ੍ਰਕਿਰਿਆ ਦੇ ਹਿੱਸੇ ਵਜੋਂ, ਐਲਬਰਟਾ ਐਜੂਕੇਸ਼ਨ ਵਿਭਾਗ ਨੇ ਵਿਦਿਆਰਥੀ ਸਿੱਖਿਆ ਅਤੇ *ਗਾਈਡਿੰਗ ਫਰੇਮਵਰਕ ਫਾਰ ਦਿ ਡਿਜ਼ਾਈਨ ਐਂਡ ਡਿਵੈਲਪਮੈਂਟ ਆਫ ਕਿੰਡਰਗਾਰਟਨ ਟੂ ਗਰੇਡ 12 ਕਰੀਕੁਲਮ* ਬਾਰੇ ਮਿਨਿਸਟਰੀਅਲ ਆਰਡਰ ਨੂੰ ਅੱਪਡੇਟ ਕਰਨ ਲਈ ਫੀਡਬੈਕ ਵੀ ਇਕੱਠੀ ਕੀਤੀ।
    - ਨਵਾਂ ਮਿਨਿਸਟਰੀਅਲ ਆਰਡਰ ਕਰੀਅਰ ਸਿੱਖਿਆ, ਗਿਆਨ ਅਤੇ ਹੁਨਰ ਵਿਕਾਸ, ਵਿਦਿਅਕ ਪ੍ਰੋਗਰਾਮ ਬਣਾਉਣ ਅਤੇ ਵਿਦਿਆਰਥੀਆਂ ਨੂੰ ਸਰਗਰਮ ਅਤੇ ਰੁਝੇ ਹੋਏ ਸਿਟੀਜ਼ਨ ਬਣਨ ਲਈ ਤਿਆਰ ਕਰਨ 'ਤੇ ਕੇਂਦਰਿਤ ਹੈ।
    - ਨਵਾਂ *ਗਾਈਡਿੰਗ ਫਰੇਮਵਰਕ* ਜੋ ਸੰਮਿਲਨ ਵਾਲੀ ਭਾਸ਼ਾ ਅਤੇ ਵਿਭਿੰਨ ਆਵਾਜ਼ਾਂ ਦੀ ਨੁਮਾਇੰਦਗੀ 'ਤੇ ਕੇਂਦਰਿਤ ਕਰਦਾ ਹੈ, ਨਵੇਂ ਪਾਠਕ੍ਰਮ ਨਾਲ ਇਕਸਾਰ ਬਣਨ ਲਈ ਸਮੱਗਰੀ ਸ਼ਾਮਲ ਕਰਦਾ ਹੈ ਅਤੇ ਸਿੱਖਿਆ ਸ਼ਾਸਤਰ ਦੇ ਹਵਾਲਿਆਂ ਨੂੰ ਹਟਾਉਂਦਾ ਹੈ।

## ਸਬੰਧਤ ਜਾਣਕਾਰੀ

- ਕੇ-6 ਸਮਾਜਿਕ ਅਧਿਐਨ ਪਾਠਕ੍ਰਮ ਖਰੜਾ
- ਆਪਣੀ ਗੱਲ ਕਹੋ
- ਵਿਦਿਆਰਥੀਆਂ ਦੇ ਸਿੱਖਣ ਬਾਰੇ ਮਿਨਿਸਟਰੀਅਲ ਆਰਡਰ
- *ਕਿੰਡਰਗਾਰਟਨ ਤੋਂ ਗਰੇਡ 12 ਦੇ ਪਾਠਕ੍ਰਮ ਦੇ ਡਿਜ਼ਾਈਨ ਅਤੇ ਵਿਕਾਸ ਲਈ ਗਾਈਡਿੰਗ ਫਰੇਮਵਰਕ*
- ਅਧਿਆਪਕਾਂ ਲਈ ਸਰੋਤ ਅਤੇ ਪ੍ਰੋਫੈਸ਼ਨਲ ਸਿੱਖਿਆ ਸਹਾਇਤਾ

## ਸਬੰਧਤ ਖਬਰਾਂ

- ਸਮਾਜਿਕ ਅਧਿਐਨ ਪਾਠਕ੍ਰਮ ਦਾ ਖਰੜਾ: ਗੱਲਬਾਤ ਵਿੱਚ ਸ਼ਾਮਲ ਹੋਵੋ (14 ਮਾਰਚ, 2024)
- ਨਵੇਂ ਸਮਾਜਿਕ ਅਧਿਐਨ ਪਾਠਕ੍ਰਮ ਲਈ ਐਲਬਰਟਾ ਨਿਵਾਸੀਆਂ ਦੀਆਂ ਤਰਜੀਹਾਂ (14 ਦਸੰਬਰ 2023)
- ਨਵੇਂ ਸਮਾਜਿਕ ਅਧਿਐਨ ਪਾਠਕ੍ਰਮ ਬਾਰੇ ਐਲਬਰਟਾ ਨਿਵਾਸੀਆਂ ਨਾਲ ਗੱਲ ਕਰਨਾਂ (18 ਸਤੰਬਰ 2024))

## ਮਲਟੀਮੀਡੀਆ

- ਨਿਊਜ਼ ਕਾਨਫਰੰਸ ਵੇਖੋ

## ਮੀਡੀਆ ਇੰਨਕੁਆਰੀਆਂ

**Kevin Lee**

587-785-4366
ਪ੍ਰੈੱਸ ਸੈਕਰੇਟਰੀ, ਐਲਬਰਟਾ ਐਜੂਕੇਸ਼ਨ